# ਇਕ ਚਰਵਾਹੇ ਰਾਜੇ ਨੇ ਪਰਮੇਸ਼ੁਰ ਲਈ ਭਜਨ ਗਾਏ

ਅਜਿਹੀਆਂ ਗਤੀਵਿਧੀਆਂ ਚੁਣੋ ਜਿਹੜੀਆਂ ਬੱਚਿਆਂ ਦੀ ਉਮਰ ਅਤੇ ਲੋੜਾਂ ਲਈ ਢੁੱਕਵੀਆਂ ਹਨ।

ਪ੍ਰਾਰਥਨਾ: ''ਪਿਆਰੇ ਪ੍ਰਭੂ, ਕਿਰਪਾ ਕਰਕੇ ਆਪਣੇ ਬੱਚਿਆਂ ਨੂੰ ਪਵਿੱਤਰ ਵਚਨ ਵਿੱਚ ਕਾਵਿ ਰਚਨਾ ਦੀ ਸੁੰਦਰਤਾ ਦੀ ਪ੍ਰਸ਼ੰਸਾ ਕਰਨ ਅਤੇ ਦਾਊਦ ਚਰਵਾਹੇ ਦੇ ਜਬੂਰਾਂ ਦੁਆਰਾ ਤਸੱਲੀ ਪਾਉਣ ਵਿੱਚ ਵੀ ਮਦਦ ਕਰ।''

ਕਿਸੇ ਵੱਡੇ ਬੱਚੇ ਜਾਂ ਸਿੱਖਿਅਕ ਨੂੰ ਚਰਵਾਹੇ ਦਾ ਜਬੂਰ ਪੜ੍ਹਨ ਦਿਓ (ਜਬੂਰਾਂ ਦੀ ਪੋਥੀ 23)। ਇਹ ਵਿਖਾਉਂਦਾ ਹੈ ਕਿ, ਪਰਮੇਸ਼ੁਰ ਦੁਆਰਾ ਸਾਡੀ ਅਦਭੁਤ ਦੇਖਭਾਲ ਕਰਨ ਲਈ ਅਸੀਂ ਚੰਗਾ ਚਰਵਾਹਾ ਯਿਸੂ ਦੀ ਉਸਤਤ ਦਾਊਦ ਵਾਂਗਰ ਕਿਵੇਂ ਕਰ ਸਕਦੇ ਹਾਂ।



ਪ੍ਰਸ਼ਨ: ਹਰ ਇਕ ਪ੍ਰਸ਼ਨ ਦਾ ਉੱਤਰ ਪ੍ਰਸ਼ਨ ਤੋਂ ਬਾਅਦ ਦਿੱਤਾ ਗਿਆ ਹੈ।

- ਜਦ ਪਰਮੇਸ਼ੁਰ ਸਾਡੀ ਦੇਖਭਾਲ ਕਰਦਾ ਹੈ, ਕੀ ਸਾਨੂੰ ਕੋਈ ਥੁੜ ਹੈ? (*1 ਆਇਤ ਵੇਖੋ*)
- ਕਿਸ ਪ੍ਰਕਾਰ ਦੇ ਸਥਾਨਾਂ ਤੇ ਉਹ ਸਾਨੂੰ ਲੈ ਜਾਂਦਾ ਹੈ? (*2 ਆਇਤ ਵੇਖੋ*)
- ਉਹ ਸਾਡੀ ਧਰਮ ਦੇ ਮਾਰਗਾਂ ਤੇ ਕਿਉਂ ਅਗਵਾਈ ਕਰਦਾ ਹੈ? (*3 ਆਇਤ ਵੇਖੋ*)
- ਕੀ ਸਾਨੂੰ ਮੌਤ ਤੋਂ ਡਰਨ ਦੀ ਲੋੜ ਹੈ? (*4 ਆਇਤ ਵੇਖੋ*)
- ਅਸੀਂ ਸਦਾ ਲਈ ਕਿੱਥੇ ਵੱਸਾਂਗੇ? (*6 ਆਇਤ ਵੇਖੋ*)

ਚਰਵਾਹੇ ਦੇ ਭਜਨ ਨੂੰ ਗਾਓ। ਜੇਕਰ ਤੁਸੀਂ ਇਨ੍ਹਾਂ ਵਚਨਾਂ ਦੇ ਭਜਨ ਨੂੰ ਜਾਣਦੇ ਹੋ, ਤਾਂ ਇਸ ਨੂੰ ਗਾਓ। ਜਾਂ ਤੁਸੀਂ ਇਨ੍ਹਾਂ ਵਚਨਾਂ ਨੂੰ ਉਸ ਸੁਰ ਵਿੱਚ ਗਾਓ, ਜਿਹੜੀ ਬੱਚੇ ਪਹਿਲਾਂ ਤੋਂ ਜਾਣਦੇ ਹਨ ਜਾਂ ਸੁਰ ਬਣਾਓ।

ਜਦੋਂ ਤੁਸੀਂ ਇਨ੍ਹਾਂ ਵਚਨਾਂ ਨੂੰ ਗਾਉਂਦੇ ਹੋ, ਇਸ ਜਬੂਰ ਨੂੰ ਨਾਟਕ ਦੇ ਰੂਪ ਵਿੱਚ ਪੇਸ਼ ਕਰੋ।

- ਅਰਾਧਨਾ ਕਰਨ ਵਾਲੇ ਆਗੂਆਂ ਨਾਲ ਮਿਲਕੇ ਬੱਚਿਆਂ ਨੂੰ ਇਹ ਛੋਟਾ ਨਾਟਕ ਪੇਸ਼ ਕਰਨ ਲਈ ਪ੍ਰਬੰਧ ਕਰੋ।
- ਆਪਣੇ ਸਿੱਖਿਆ ਦੇਣ ਵਾਲੇ ਸਮੇਂ ਨੂੰ ਬੱਚਿਆਂ ਨੂੰ ਤਿਆਰੀ ਕਰਾਉਣ ਲਈ ਪ੍ਰਯੋਗ ਕਰੋ।
- ਵੱਡੇ ਬੱਚਿਆਂ ਨੂੰ ਛੋਟੇ ਬੱਚਿਆਂ ਦੀ ਮਦਦ ਕਰਨ ਦਿਓ।

- ਵੱਡੇ ਬੱਚਿਆਂ ਨੂੰ ਇਹ ਕਿਰਦਾਰ ਅਦਾ ਕਰਨ ਦਿਓ।
- ਚਰਵਾਹਾ: ਇਕ ਕਟੋਰਾ, ਬੋਤਲ, ਮੇਜ਼ ਅਤੇ ਚਰਵਾਹੇ ਦੀ ਲਾਠੀ ਤਿਆਰ ਕਰੇ (ਹੇਠਾਂ ਦਿੱਤਾ ਚਿੱਤਰ ਵੇਖੋ। ਤੁਸੀਂ ਕੋਈ ਵੀ ਅਜਿਹੀ ਸੋਟੀ ਦਾ ਪ੍ਰਯੋਗ ਕਰੋ ਸਕਦੇ ਹੋ ਜਿਹੜੀ ਟਾਹਣੀ ਨਾਲੋਂ ਲੱਥਣ ਵਾਲੀ ਹੈ)।
- ਕਥਾਵਾਚਕ : ਕਹਾਣੀ ਦਾ ਖੁਲਾਸਾ ਕਰੋ ਅਤੇ ਬੱਚਿਆਂ ਨੂੰ ਜੋ ਉਨ੍ਹਾਂ ਕਹਿਣਾ ਅਤੇ ਕਰਨਾ ਹੈ ਯਾਦ ਕਰਨ ਵਿੱਚ ਮਦਦ ਕਰੋ।
- ਛੋਟੇ ਬੱਚਿਆਂ ਨੂੰ ਦੁਸ਼ਮਣਾਂ ਅਤੇ ਭੇਡਾਂ ਦਾ ਕਿਰਦਾਰ ਅਦਾ ਕਰਨ ਦਿਓ (ਹੱਥਾਂ ਅਤੇ ਗੋਡਿਆਂ ਭਾਰ ਤੁਰਨ, ਕਦੇ ਕਦੇ ਹੌਲੀ ਜਿਹੀ ਮੈਂ ਮੈਂ ਕਰਨ)।
- ਕਥਾਵਾਚਕ : ਮੂੰਹ ਜ਼ਬਾਨੀ ਜਬੂਰ 23 ਨੂੰ ਦੋ ਬਾਰ ਗਾਏ, ਪੜ੍ਹੇ ਜਾਂ ਅਲਾਪ ਕਰੇ। ਦੂਜੀ ਵਾਰ, ਹਰ ਆਇਤ ਬੋਲੇ ਅਤੇ ਹਰ ਇਕ ਆਇਤ ਬਾਅਦ ਰੁਕੇ ਜਦ ਕਿ ਬੱਚੇ ਹਰ ਇਕ ਆਇਤ ਬਾਰੇ ਨਾਟਕ ਕਰਦੇ ਹਨ।

ਕਥਾਵਾਚਕ : (ਆਇਤ 1)

ਚਰਵਾਹਾ : ਭੇਡਾਂ ਨੂੰ ਲਾਡ ਕਰਦਾ ਉਨ੍ਹਾਂ ਦੇ ਆਲੇ ਦੁਆਲੇ ਚੱਲੇ ਫਿਰੇ।

ਭੇਡਾਂ : ਚਰਵਾਹੇ ਦੇ ਨੇੜੇ ਜਾਣ ਦੀ ਕੋਸ਼ਿਸ਼ ਕਰਨ ਅਤੇ ਉਸ ਤੇ ਹੱਸਣ, ਇਹ ਵਿਖਾਉਂਦਿਆਂ ਕਿ ਉਹ ਖੁਸ਼ ਹਨ।

ਕਥਾਵਾਚਕ : (ਆਇਤ 2)

ਚਰਵਾਹਾ : ਕਟੋਰੇ ਨੂੰ ਥੱਲੇ ਰੱਖੇ। ਫਿਰ ਭੇਡਾਂ ਦੀ ਅਗਵਾਈ ਇਸ ਵੱਲ ਕਰੇ।

ਭੇਡਾਂ : ਕਟੋਰੇ ਵਿੱਚੋਂ ਪੀਣ ਦਾ ਵਿਖਾਵਾ ਕਰਨ। ਫਿਰ ਚੁੱਪਚਾਪ ਲੇਟਣ ਅਤੇ ਆਪਣੀ ਜੁਗਾਲੀ ਨੂੰ ਚਿੱਥਣ।

ਕਥਾਵਾਚਕ : (ਆਇਤ 3)

ਚਰਵਾਹਾ : ਆਪਣੇ ਹੱਥ ਨਾਲ ਭੇਡਾਂ ਨੂੰ ਉਸਦੇ ਪਿੱਛੇ ਚੱਲਣ ਲਈ ਇਸ਼ਾਰਾ ਕਰੇ ਅਤੇ ਤੁਰ ਪਏ।

ਭੇਡਾਂ : ਚਰਵਾਹੇ ਦੇ ਪਿੱਛੇ ਪਿੱਛੇ ਨੇੜੇ ਹੋ ਕੇ ਚੱਲਣ।

ਕਥਾਵਾਚਕ : (ਆਇਤ 4)

ਦੁਸ਼ਮਣ : ਕੁਰਸੀਆਂ ਪਿੱਛੇ ਲੁੱਕ ਕੇ ਕਮਾਨ ਨਾਲ ਭੇਡਾਂ ਤੇ ਨਿਸ਼ਾਨਾ ਲਾਉਣ ਦਾ ਢੋਂਗ ਕਰਨ

ਭੇਡਾਂ : ਡਰੀਆਂ ਹੋਈਆਂ ਅਭਿਨੈ ਕਰਨ। ਠੁੱਡ ਮਾਰਨ, ਮੈਂ ਮੈਂ ਕਰਨ ਅਤੇ ਗੋਲ਼ ਚੱਕਰ ਵਿੱਚ ਘੁੰਮਣ।

ਚਰਵਾਹਾ : ਭੇਡਾਂ ਨੂੰ ਦੁਸ਼ਮਣ ਕੋਲੋਂ ਲਾਠੀ ਨਾਲ ਖਿੱਚੇ ਅਤੇ ਉਨ੍ਹਾਂ ਨੂੰ ਸ਼ਾਂਤ ਕਰੇ। ਫਿਰ ਆਪਣੀ ਲਾਠੀ ਨਾਲ ਦੁਸ਼ਮਣ ਨੂੰ ਭਜਾਵੇ। ਅਸਲ ਵਿੱਚ ਕਿਸੇ ਨੂੰ ਨਾ ਮਾਰੇ। ਸਿਰਫ ਵਿਖਾਵਾ ਕਰੇ।

ਕਥਾਵਾਚਕ : (ਆਇਤ 5)

ਚਰਵਾਹਾ : ਭੇਡਾਂ ਲਾਗੇ ਮੇਜ਼ ਰੱਖੇ। ਫਿਰ ਬੋਤਲ ਵਿੱਚੋਂ ਉਨ੍ਹਾਂ ਉੱਤੇ ਤੇਲ ਡੋਲ੍ਹੇ।

ਭੇਡਾਂ : ਆਪਣੇ ਹੱਥਾਂ ਨੂੰ ਹੌਲੀ ਹੌਲੀ ਆਪਣੇ ਸਿਰਾਂ ਤੋਂ ਇਵੇਂ ਉੱਪਰ ਚੁੱਕਣ ਜਿਵੇਂ ਕਟੋਰਾ ਭਰ ਰਿਹਾ ਹੋਵੇ।

ਕਥਾਵਾਚਕ : (ਆਇਤ 6)


ਚਰਵਾਹਾ : ਬੂਹਾ ਖੋਲਣ ਦਾ ਵਿਖਾਵਾ ਕਰੇ ਅਤੇ ਭੇਡਾਂ ਦਾ ਅੰਦਰ ਸਵਾਗਤ ਕਰੇ।

ਭੇਡਾਂ : ਬੂਹੇ ਥਾਣੀ ਲੰਘਣ। ਫਿਰ ਚਰਵਾਹੇ ਦੇ ਆਲੇ ਦੁਆਲੇ ਗੋਡਿਆਂ ਭਾਰ ਝੁੱਕ ਕੇ ਬੈਠਣ ਅਤੇ ਮਿਲਕੇ ਆਪਣੇ ਹੱਥਾਂ ਨੂੰ ਅਕਾਸ਼ ਵੱਲ ਖੜੇ ਕਰਕੇ ਪਰਮੇਸ਼ੁਰ ਦੀ ਉਸਤਤ ਕਰਨ।

ਕਥਾਵਾਚਕ : ਹਰ ਇਕ ਜਣੇ ਦਾ ਜਿਨ੍ਹੇ ਵੀ ਇਸ ਨਾਟਕ ਵਿੱਚ ਮਦਦ ਕੀਤੀ ਧੰਨਵਾਦ ਕਰੇ।

ਪ੍ਰਸ਼ਨ: ਜੇਕਰ ਬੱਚਿਆਂ ਨੇ ਇਸ ਜਬੂਰ ਦਾ ਬਾਲਗਾਂ ਲਈ ਨਾਟਕ ਕੀਤਾ ਹੈ, ਤਾਂ ਉਨ੍ਹਾਂ ਨੂੰ ਬਾਲਗਾਂ ਕੋਲੋਂ ਉਹੋ ਪ੍ਰਸ਼ਨ ਪੁੱਛਣ ਦਿਓ ਜਿਨ੍ਹਾਂ ਦੀ ਸੂਚੀ ਉੱਪਰ ਦਿੱਤੀ ਗਈ ਹੈ। ਤੁਸੀਂ ਹੋਰ ਵੀ ਉਦਾਹਰਣਾਂ ਪੁੱਛ ਸਕਦੇ ਹੋ ਕਿ ਕਿਵੇਂ ਪਰਮੇਸ਼ੁਰ ਆਪਣੇ ਲੋਕਾਂ ਦੀ ਰਖਵਾਲੀ ਕਰਦਾ ਹੈ? (ਬੱਚਿਆਂ ਨੂੰ ਅਤੇ ਬਾਲਗਾਂ ਨੂੰ ਉਦਾਹਰਣਾਂ ਦੇਣ ਦਿਓ।)

ਚਰਵਾਹੇ ਦੀ ਲਾਠੀ ਦਾ ਚਿੱਤਰ ਬਣਾਓ। ਬੱਚਿਆਂ ਨੂੰ ਇਹ ਚਿੱਤਰ ਬਾਲਗਾਂ ਨੂੰ ਅਰਾਧਨਾ ਦੌਰਾਨ ਵਿਖਾਉਣ ਦਿਓ ਅਤੇ ਦੱਸਣ ਦਿਓ ਕਿ ਚਰਵਾਹੇ ਦੀ ਲਾਠੀ ਇਸ ਗੱਲ ਦੀ ਉਦਾਹਰਣ ਹੈ ਕਿ ਕਿਵੇਂ ਯਿਸੂ ਸਾਡਾ ਚੰਗਾ ਚਰਵਾਹਾ ਸਦਾ ਸਾਡੀ ਅਗਵਾਈ ਉੱਤਮ ਜੀਵਨ ਵੱਲ ਕਰਦਾ ਹੈ।



ਵੱਡੇ ਬੱਚਿਆਂ ਨੂੰ ਯਿਸੂ ਸਾਡੇ ਚੰਗੇ ਚਰਵਾਹੇ ਬਾਰੇ ਕਵਿਤਾ ਜਾਂ ਭਜਨ ਲਿਖਣ ਦਿਓ।

ਕਵਿਤਾ : ਜਬੂਰ 23 ਵਿੱਚੋਂ ਬਹੁਤ ਸਾਰੇ ਬੱਚਿਆਂ ਨੂੰ ਆਇਤਾਂ ਪੜ੍ਹਨ ਦਿਓ।

ਯਾਦ ਕਰਨ ਵਾਲਾ ਕੰਮ : ਵੱਡੇ ਬੱਚਿਆਂ ਨੂੰ 23 ਜ਼ਬੂਰ ਯਾਦ ਕਰਨ ਦਿਓ। ਛੋਟੇ ਬੱਚਿਆਂ ਨੂੰ ਜ਼ਬੂਰ 23:1-2 ਯਾਦ ਕਰਨ ਦਿਓ।

ਪ੍ਰਾਰਥਨਾ : ''ਪਿਆਰੇ ਯਿਸੂ, ਤੂੰ ਸਾਡਾ ਅਨੋਖਾ ਚਰਵਾਹਾ ਹੈਂ। ਤੂੰ ਸਾਨੂੰ ਸਭ ਕੁਝ ਦੇਂਦਾ ਹੈ; ਜਿਸਦੀ ਸਾਨੂੰ ਲੋੜ ਹੈ। ਅਸੀਂ ਭਾਵੇਂ ਖ਼ਤਰੇ ਵਿੱਚ ਹੋਈਏ ਜਾਂ ਦੁਸ਼ਮਣਾਂ ਅਤੇ ਮੌਤ ਦਾ ਸਾਹਮਣਾ ਕਰੀਏ, ਤੇਰੇ ਤੇ ਭਰੋਸਾ ਕਰਦੇ ਹਾਂ। ਤੂੰ ਸਾਨੂੰ ਤਸੱਲੀ ਦੇਂਦਾ ਅਤੇ ਮੌਤ ਦੇ ਵਿੱਚੋਂ ਦੀ ਸਵਰਗ ਨੂੰ ਸਦਾ ਤੇਰੇ ਨਾਲ ਰਹਿਣ ਲਈ ਸਾਡੀ ਅਗਵਾਈ ਕਰਦਾ ਹੈ। ਪ੍ਰਭੂ ਯਿਸੂ, ਜ਼ਲਦੀ ਆ।''

Copyright 2004 © by Paul-Timothy. May be freely copied. Download from www.Paul-Timothy.net